3-Jan-Ropar.qxd 1/3/2022 11:33 PM Page 1



# ਸਰਕਾਰ ਦਾ ਦੀਵਾ ਬੁਝਦਾ ਦੇਖ ਹਲਕਾ ਸ੍ਰੀ ਅਨੰਦਪੁਰ ਸਾਹਿਬ 'ਚ ਲੋਕ ਨਾਜਾਇਜ਼ ਮਾਈਨਿੰਗ ਵਿਰੁੱਧ ਬਿਨਾਂ ਖੌਫ ਬੋਲਣ ਲੱਗੇ

## ਹਰਿਆਵਲ ਪੰਜਾਬ ਸੰਸਥਾ ਵਲੋਂ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮਾਰਗ 'ਤੇ ਨਾਜਾਇਜ਼ ਮਾਈਨਿੰਗ ਤੇ ਪਰਚੀ ਖ਼ਿਲਾਫ਼ ਧਰਨਾ

ਰੂਪਨਗਰ/ ਸ੍ਰੀ ਅਨੰਦਪੁਰ ਸਾਹਿਬ, 3 ਜਨਵਰੀ (ਸਟਾਫ਼ ਰਿਪੋਰਟਰ, ਪੱਤਰ ਪ੍ਰੇਰਕ)-ਹਰਿਆਵਲ ਪੰਜਾਬ ਸੰਸਥਾ ਵਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਗੜ੍ਹਸ਼ੰਕਰ ਮਾਰਗ 'ਤੇ ਸਥਿਤ ਕਰੈਸ਼ਰ ਜ਼ੋਨ ਨੇੜੇ ਅਨਾਜ ਮੰਡੀ ਵਿਖੇ ਨੌਜਵਾਨ ਆਗੂ ਐਡਵੋਕੇਟ ਸਤਵੀਰ ਸਿੰਘ ਰਾਣਾ ਤੇ ਨੌਜਵਾਨ ਆਗੂ ਸੰਦੀਪ ਸਿੰਘ ਕਲੋਤਾ ਦੀ ਅਗਵਾਈ ਹੇਠ ਧਰਨਾ ਦਿੱਤਾ ਗਿਆ। ਬੁਲਾਰਿਆਂ 'ਚ ਡਾ. ਅੱਛਰ ਸ਼ਰਮਾ, ਮਨੋਹਰ ਲਾਲ ਖੇਮੜਾ, ਸ਼ੇਰ ਸਿੰਘ ਬੁਰਜ, ਨਿਰਮਲ ਸਿੰਘ ਹਰੀਵਾਲ, ਤਰਲੋਚਨ ਸਿੰਘ ਚੱਠਾ, ਸਰਪੰਚ ਸੰਜੂ, ਸੇਠੀ ਸ਼ਰਮਾ, ਵੀਰ ਸਿੰਘ ਬੜਵਾ, ਦਵਿੰਦਰ ਸਿੰਘ ਸੂਰੇਵਾਲ ਆਦਿ ਨੇ ਬੋਲਦਿਆਂ ਕਿਹਾ ਕਿ ਨਾਜਾਇਜ਼ ਮਾਈਨਿੰਗ ਤੇ ਗੁੰਡਾ ਪਰਚੀ ਧੜੱਲੇ ਨਾਲ ਸਰਕਾਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਹੈ, ਜਿਸ ਨਾਲ ਕੁਦਰਤੀ ਸਰੋਤਾਂ ਦਾ ਖ਼ਾਤਮਾ ਹੋ ਰਿਹਾ ਹੈ। ਸੂਬਾ ਸਰਕਾਰ ਇਸ ਗੁੰਡਾ ਪਰਚੀ ਤੇ ਮਾਈਨਿੰਗ ਨੂੰ ਤੁਰੰਤ ਬੰਦ ਕਰਵਾਏ ਨਹੀਂ ਤਾਂ ਸਘੰਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਤੋਂ ਬਾਅਦ ਇਕ ਘੰਟੇ ਲਈ ਸੜਕ ਜਾਮ ਕੀਤੀ ਤੇ ਲੰਬਾ ਸਮਾਂ ਧਰਨੇ ਤੋਂ ਬਾਅਦ ਅਰਥੀ ਫ਼ੂਕ ਮੁਜ਼ਾਹਰਾ ਕੀਤਾ ਗਿਆ। ਧਰਨੇ ਦੌਰਾਨ ਥਾਣਾ ਮੁਖੀ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਪ੍ਰਸ਼ਾਸਨ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਉਸ ਤੋਂ ਬਾਅਦ ਸਾਰਿਆਂ ਨੇ ਅਗੰਮਪੁਰ ਤੇ ਸੈਦਪੁਰ 'ਚ ਲੱਗੇ ਕੰਡਿਆਂ ਨੂੰ ਬੰਦ ਕੀਤਾ ਗਿਆ। ਬੁਲਾਰਿਆਂ ਨੇ ਐਲਾਨ ਕੀਤਾ ਕਿ ਇਨ੍ਹਾਂ ਕੰਡਿਆਂ ਦੀ ਚਾਬੀ ਪੁਲਿਸ ਪ੍ਰਸ਼ਾਸਨ ਨੂੰ ਦਿੱਤੀ ਜਾਵੇਗੀ। ਇਸ ਸੰਬੰਧੀ ਉਪ ਮੰਡਲ ਮੈਜਿਸਟਰੇਟ ਕੇਸ਼ਵ ਗੋਇਲ ਨੇ ਦੱਸਿਆ ਕਿ ਉਕਤ ਸੰਸਥਾ ਵਲੋਂ ਦਿੱਤਾ ਗਿਆ ਮੰਗ-ਪੱਤਰ ਅਗਲੀ ਕਾਰਵਾਈ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜ ਦਿੱਤਾ ਗਿਆ ਹੈ। ਇਸ ਸੰਬੰਧੀ ਰਿਪੋਰਟ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ ਨੂੰ ਭੇਜ ਦਿੱਤੀ ਗਈ ਹੈ। ਇਸ ਸੰਬੰਧੀ ਮਾਈਨਿੰਗ ਵਿਭਾਗ ਦੇ ਐਸ. ਡੀ. ਓ. ਸਤਵਿੰਦਰ ਸਿੰਘ ਨੇ ਕਿਹਾ ਕਿ ਜੋ ਕੰਡਾ ਲਗਾਇਆ ਗਿਆ ਹੈ, ਉਹ ਪੰਜਾਬ ਸਰਕਾਰ ਵਲੋਂ ਤਸਦੀਕਸ਼ੁਦਾ ਤੇ ਕਾਨੂੰਨੀ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਤਿੰਨ ਵਿਅਕਤੀਆਂ ਦੀ ਸੂਚੀ ਪੁਲਿਸ ਨੂੰ ਲਿਖਤੀ ਤੌਰ 'ਤੇ ਦਿੱਤੀ ਗਈ ਹੈ ਜੋ ਕੰਡੇ 'ਤੇ ਕੰਮ ਕਰਦੇ ਹਨ। ਉਨ੍ਹਾਂ ਸੰਸਥਾ ਦੇ ਮੈਂਬਰਾਂ ਤੇ ਪੁਲਿਸ ਨੂੰ ਕਿਹਾ ਕਿ ਜੇਕਰ ਇਨ੍ਹਾਂ ਵਿਅਕਤੀਆਂ ਤੋਂ ਇਲਾਵਾ ਕੋਈ ਹੋਰ ਵਿਅਕਤੀ ਉਥੇ ਮੌਜੂਦ ਹੁੰਦਾ ਹੈ ਤਾਂ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਰਘਬੀਰ ਸਿੰਘ ਹਰੀਵਾਲ, ਗੁਰਬਚਨ ਸਿੰਘ ਲੋਧੀਪੁਰ, ਵਰਿੰਦਰ ਵਿੱਕੀ, ਸੰਜੂ ਭਲਾਣ, ਰਾਮਪਾਲ ਕਾਹੀਵਾਲ, ਧਰਮਪਾਲ, ਮਹਿੰਦਰਪਾਲ ਕਾਹੀਵਾਲ, ਸੇਠੀ ਕੀਰਤਪੁਰ ਸਾਹਿਬ, ਜੋਗਾ ਸਿੰਘ ਚੰਦਪੁਰ, ਗੁਰਪ੍ਰੀਤ ਸਿੰਘ ਸੈਦਪੁਰ, ਗੁਰਭਾਗ ਸਿੰਘ, ਸੂਬੇਦਾਰ ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਪੰਮੂ, ਰਾਜਿੰਦਰ ਸਿੰਘ, ਨੰਬਰਦਾਰ ਜਰਨੈਲ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ, ਗਿਆਨ ਸਿੰਘ, ਨਿੰਦੂ ਨਲਹੋਟੀ, ਜਸਵੰਤ ਸਿੰਘ ਬਸੀ, ਸਤਨਾਮ ਸਿੰਘ ਝੱਜ ਆਦਿ ਮੌਜੂਦ ਸਨ।



ਸ੍ਰੀ ਅਨੰਦਪੁਰ ਸਾਹਿਬ ਵਿਖੇ ਹਰਿਆਵਲ ਪੰਜਾਬ ਸੰਸਥਾ ਵਲੋਂ ਗੜ੍ਹਸ਼ੰਕਰ ਮਾਰਗ 'ਤੇ ਸਥਿਤ ਕਰੈਸ਼ਰ ਜ਼ੋਨ 'ਤੇ ਦਿੱਤੇ ਧਰਨੇ ਦਾ ਦ੍ਰਿਸ਼।

# ਪੰਜਾਬ ਤੋਂ ਵਾਤਾਵਰਨ ਪ੍ਰੇਮੀ ਅਨੁਰਾਗ ਬਿਸ਼ਨੋਈ ਦਾ ਨਿਪਾਲ 'ਚ ਸਨਮਾਨ

ਘਨੌਲੀ, 3 ਜਨਵਰੀ (ਜਸਵੀਰ ਸਿੰਘ ਸੈਣੀ)-ਦੇਸ਼ 'ਚ ਵਾਤਾਵਰਨ ਪ੍ਰਤੀ ਆਪਣੀ ਅਹਿਮ ਭੂਮਿਕਾ ਨਿਭਾਉਣ ਵਾਲੇ ਉਨ੍ਹਾਂ ਦੀਆਂ ਦਿੱਤੀਆਂ ਵਡਮੁੱਲੀਆਂ ਸੇਵਾਵਾਂ ਦੇ ਬਦਲੇ ਘਨੌਲੀ ਦੇ ਨੇੜਲੇ ਅੰਬੂਜਾ ਕਾਲੋਨੀ 'ਚ ਰਹਿ ਰਹੇ ਅਨੁਰਾਗ ਬਿਸ਼ਨੋਈ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਗੁਆਂਢੀ ਦੇਸ਼ ਨਿਪਾਲ ਦੇ ਲੂਮਨੀ ਸ਼ਹਿਰ 'ਚ ਵਾਤਾਵਰਨ ਨੂੰ ਬਚਾਉਣ ਦੇ ਤਹਿਤ ਇਕ ਸਮਾਗਮ ਦੌਰਾਨ ਘਨੌਲੀ ਦੇ ਅੰਬੂਜਾ ਕਾਲੋਨੀ ਵਿਖੇ ਰਹਿ ਰਹੇ ਵਾਤਾਵਰਨ ਪ੍ਰੇਮੀ ਅਨੁਰਾਗ ਬਿਸ਼ਨੋਈ ਨੂੰ ਨਿਪਾਲ ਵਾਤਾਵਰਨ ਫਾਊਂਡੇਸ਼ਨ ਵਲੋਂ ਉਨ੍ਹਾਂ ਦੀਆਂ ਸਮਾਜ ਪ੍ਰਤੀ ਵਾਤਾਵਰਨ ਗਤੀਵਿਧੀਆਂ ਨੂੰ ਦੇਖਦਿਆਂ ਅੰਤਰਰਾਸ਼ਟਰੀ ਵਾਤਾਵਰਨ ਯੋਧਾ ਦਾ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਦੌਰਾਨ ਵਾਤਾਵਰਨ ਪ੍ਰੇਮੀ ਅਨੁਰਾਗ ਬਿਸ਼ਨੋਈ ਨੇ ਕਿਹਾ ਕਿ ਇਸ ਸੰਮੇਲਨ ਦੌਰਾਨ ਵੱਖ-ਵੱਖ ਦੇਸ਼ਾਂ ਭਾਰਤ, ਨਿਪਾਲ, ਬੰਗਲਾਦੇਸ਼, ਸ੍ਰੀਲੰਕਾ, ਭੁਟਾਨ, ਇੰਡੋਨੇਸ਼ੀਆ ਤੇ ਦੇਸ਼ ਦੇ ਅਲੱਗ-ਅਲੱਗ ਜ਼ਿਲ੍ਹੇ ਤੇ ਰਾਜਾਂ ਤੋਂ 150 ਦੇ ਕਰੀਬ ਵਾਤਾਵਰਨ ਪ੍ਰਤੀ ਵਡਮੁੱਲੀਆਂ ਸੇਵਾਵਾਂ ਦੇਣ ਵਾਲੇ ਵਾਤਾਵਰਨ ਪ੍ਰੇਮੀਆਂ ਨੇ ਇਸ ਸੰਮੇਲਨ 'ਚ ਸ਼ਮੂਲੀਅਤ ਕੀਤੀ ਸੀ। ਉਨ੍ਹਾਂ ਨੇ ਕਿਹਾ ਕਿ ਗੁਰੂ ਦੀ ਨਗਰੀ ਪੰਜਾਬ ਤੋਂ ਉਨ੍ਹਾਂ ਨੇ ਸੰਮੇਲਨ 'ਚ ਭਾਗ ਲਿਆ ਸੀ। ਉਨ੍ਹਾਂ ਨੇ ਕਿਹਾ ਕਿ ਅਨੁਰਾਗ ਬਿਸ਼ਨੋਈ ਗਰੁੱਪ ਦੀ ਨਗਰੀ ਪੰਜਾਬ ਤੋਂ ਤਿੰਨ ਬੂਟੇ ਤੇ ਇੱਥੋਂ ਦੀ ਮਿੱਟੀ ਪਾਣੀ ਲੈ ਕੇ ਨਿਪਾਲ ਦੀ ਧਰਤੀ 'ਤੇ ਜਾ ਕੇ ਸੰਮੇਲਨ ਦੌਰਾਨ ਦੇਸ਼ ਦੇ ਰਾਜਾਂ ਦੀ ਮਿੱਟੀ ਤੇ ਪਾਣੀ ਆਪਸ ਵਿਚ ਮਿਲਾ ਕੇ ਇਨ੍ਹਾਂ ਬੂਟਿਆਂ ਵਿਚ ਪਾਇਆ ਗਿਆ ਜਿਸ ਤੋਂ ਉਹ ਸੰਦੇਸ਼ ਮਿਲਿਆ ਕਿ ਅਸੀਂ ਸਾਰੇ ਭਾਰਤ ਵਾਸੀ ਇਕ ਹੈ ਜੋ ਕਿ ਰਾਜਨੀਤਕ ਆਗੂ ਸਾਨੂੰ ਕਦੀ ਧਰਮ ਦੇ ਨਾਂਅ 'ਤੇ ਕਦੀ ਜਾਤ ਦੇ ਨਾਂਅ 'ਤੇ ਆਪਸ 'ਚ ਲੜਾਉਂਦੇ ਹਨ ਤੇ ਆਪਣੇ ਮਕਸਦ 'ਚ ਕਾਮਯਾਬ ਹੋ ਜਾਂਦੇ ਹਨ। ਪੰਜਾਬ ਪਹੁੰਚਣ 'ਤੇ ਅਨੁਰਾਗ ਬਿਸ਼ਨੋਈ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਡਾ. ਦਵਿੰਦਰ ਕੁਮਾਰ ਪਿੱਪਲ ਮੁੱਖ ਰਾਜ ਮੰਤਰੀ ਆਰਥਿਕ ਤੇ ਸਹਿਕਾਰੀ, ਸੁਸ਼ਮਾ ਯਾਦਵ, ਵਸ਼ਿਸ਼ਟ, ਮਨਮੋਹਨ ਚੌਧਰੀ, ਅਵਧੇਸ਼ ਕੁਮਾਰ, ਡੀ. ਐਫ. ਓ. ਸੁਰੇਸ਼ ਕੁਮਾਰ, ਡਾ. ਸੌਰਭ ਪਾਂਡੇ ਆਦਿ ਹਾਜ਼ਰ ਸਨ।




ਅੰਤਰਰਾਸ਼ਟਰੀ ਸੰਮੇਲਨ ਦੌਰਾਨ ਵਾਤਾਵਰਨ ਯੋਧੇ ਦੇ ਰੂਪ 'ਚ ਅਨੁਰਾਗ ਬਿਸ਼ਨੋਈ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ।



ਫਰਨੀਚਰ ਦੀ ਦੁਕਾਨ ਦੇ ਗੋਦਾਮ ਨੂੰ ਲੱਗੀ ਅੱਗ 'ਚੋਂ ਨਿਕਲਦੀਆਂ ਲਾਟਾਂ। ਤਸਵੀਰ : ਜਗਮੋਹਣ ਸਿੰਘ ਨਾਰੰਗ

# ਫ਼ਰਨੀਚਰ ਦੀ ਦੁਕਾਨ ਦੇ ਗੋਦਾਮ 'ਚ ਲੱਗੀ ਅੱਗ, ਲੱਖਾਂ ਦਾ ਨੁਕਸਾਨ

ਸ੍ਰੀ ਚਮਕੌਰ ਸਾਹਿਬ, 3 ਜਨਵਰੀ (ਜਗਮੋਹਣ ਸਿੰਘ ਨਾਰੰਗ)-ਸਥਾਨਕ ਮਾਣੇਮਾਜਰਾ ਚੌਕ ਨੇੜੇ ਅੱਜ ਦੇਰ ਸ਼ਾਮ ਇਕ ਫ਼ਰਨੀਚਰ ਦੀ ਦੁਕਾਨ ਦੇ ਗੋਦਾਮ 'ਚ ਲੱਗੀ ਅੱਗ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਉਕਤ ਦੁਕਾਨਦਾਰ ਅਵਤਾਰ ਫ਼ਰਨੀਚਰ ਹਾਊਸ ਦੇ ਮਾਲਕ ਚੇਤ ਸਿੰਘ ਸਿੰਘ ਨੇ ਦੱਸਿਆ ਕਿ ਜਾਣਕਾਰੀ ਅਨੁਸਾਰ ਇਹ ਅੱਗ ਬਿਜਲੀ ਦੇ ਸ਼ਾਰਟ ਸਰਕਟ ਨਾਲ ਲੱਗੀ। ਜਾਣਕਾਰੀ ਅਨੁਸਾਰ ਉਕਤ ਦੁਕਾਨ ਦੇ ਉੱਪਰ ਬਣੇ ਗੋਦਾਮ ਜਿਸ 'ਚ ਫ਼ਰਨੀਚਰ ਤੋਂ ਇਲਾਵਾ ਗੱਦੇ, ਫੋਮ, ਕੂਲਰ ਸਮੇਤ ਘਰੇਲੂ ਸਾਮਾਨ ਪਿਆ ਸੀ, ਜਿਸ ਕਾਰਨ ਇਹ ਅੱਗ ਐਨੀ ਭੜਕੀ ਕਿ ਇਸ ਅੱਗ ਨੂੰ ਬੁਝਾਉਣ ਲਈ ਸਥਾਨਕ ਨਗਰ ਪੰਚਾਇਤ ਦੀ ਅੱਗ ਬੁਝਾਊ ਗੱਡੀ ਸਮੇਤ ਸਥਾਨਕ ਦੁਕਾਨਦਾਰਾਂ ਸਮੇਤ ਕਰੀਬ ਡੇਢ ਘੰਟੇ ਪੂਰੀ ਮੁਸਕੱਤ ਕਰਨੀ ਪਰ ਉਦੋਂ ਤੱਕ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਆਲੇ ਦੁਆਲੇ ਦੇ ਦੁਕਾਨਦਾਰਾਂ ਦਾ ਕਹਿਣਾ ਹੈ ਜੇਕਰ ਅੱਗ ਬੁਝਾਉਣ ਵਾਲੀ ਗੱਡੀ ਕੁੱਝ ਸਮਾਂ ਵੀ ਦੇਰੀ ਨਾਲ ਪੁੱਜਦੀ ਤਾਂ ਗੋਦਾਮ ਹੇਠਾਂ ਸ਼ੋਅ ਰੂਪ 'ਚ ਪਿਆ ਫ਼ਰਨੀਚਰ ਤੇ ਹੋਰ ਸਾਮਾਨ ਵੀ ਅੱਗ ਦੀ ਲਪੇਟ 'ਚ ਆ ਸਕਦਾ ਸੀ। ਇਹ ਅੱਗ ਐਨੀ ਭਿਆਨਕ ਸੀ ਕਿ ਇਸ ਦੀ ਲਪਟਾਂ ਦੂਰੋਂ ਵੀ ਵੇਖੀਆਂ ਜਾ ਸਕਦੀਆਂ ਸਨ ਤੇ ਗੋਦਾਮ ਦੀ ਛੱਤ ਵੀ ਕਾਫ਼ੀ ਨੁਕਸਾਨੀ ਗਈ ਹੈ। ਦੁਕਾਨ ਮਾਲਕ ਨੇ ਦੱਸਿਆ ਕਿ ਇਸ ਅੱਗ ਨਾਲ ਉਨ੍ਹਾਂ ਦਾ ਚਾਰ-ਪੰਜ ਲੱਖ ਰੁਪਏ ਤੋਂ ਉੱਪਰ ਦਾ ਨੁਕਸਾਨ ਹੋ ਚੁੱਕਾ ਹੈ। ਬਾਕੀ ਦੇ ਨੁਕਸਾਨ ਦਾ ਸਾਮਾਨ ਵੇਖਣ ਤੋਂ ਬਾਅਦ ਪਤਾ ਚੱਲੇਗਾ।

# ਸ੍ਰੀ ਅਨੰਦਪੁਰ ਸਾਹਿਬ ਵਿਖੇ 15 ਤੋਂ 18 ਸਾਲ ਉਮਰ ਲਈ ਟੀਕਾਕਰਨ ਦੀ ਸ਼ੁਰੂਆਤ

ਸ੍ਰੀ ਅਨੰਦਪੁਰ ਸਾਹਿਬ, 3 ਜਨਵਰੀ (ਜੇ. ਐਸ. ਨਿੱਕੂਵਾਲ)-ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਚਰਨਜੀਤ ਕੁਮਾਰ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਹਰ ਯੋਗ ਵਿਅਕਤੀ ਟੀਕਾਕਰਨ ਜ਼ਰੂਰ ਕਰਵਾਏ। ਉਨ੍ਹਾਂ ਨੇ ਦੱਸਿਆ ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਵੈਕਸੀਨੇਸ਼ਨ ਸੈਂਟਰ 'ਚ 15 ਤੋਂ 18 ਸਾਲ ਉਮਰ ਤੱਕ ਕੋਰੋਨਾ ਵੈਕਸੀਨ ਦੀ ਸ਼ੁਰੂਆਤ ਹੋ ਗਈ ਹੈ। ਇਸ ਲਈ ਇਸ ਉਮਰ ਦੇ ਨੌਜਵਾਨ ਕੋਵਿਡ ਵੈਕਸੀਨ ਜ਼ਰੂਰ ਲਗਵਾਉਣ ਤੇ ਹੋਰਨਾਂ ਨੂੰ ਵੀ ਵੈਕਸੀਨ ਲਗਵਾਉਣ ਲਈ ਪ੍ਰੇਰਿਤ ਕਰਨ।



ਸ੍ਰੀ ਅਨੰਦਪੁਰ ਸਾਹਿਬ ਵਿਖੇ 15 ਤੋਂ 18 ਸਾਲ ਉਮਰ ਲਈ ਹੋਏ ਟੀਕਾਕਰਨ ਦੀ ਸ਼ੁਰੂਆਤ ਦਾ ਦ੍ਰਿਸ਼।

# ਨਗਰ ਕੌਂਸਲ ਦੀ ਮੀਟਿੰਗ 'ਚ ਕਾਰਜ ਸਾਧਕ ਅਫ਼ਸਰ ਤੇ ਸੀਨੀਅਰ ਮੀਤ ਪ੍ਰਧਾਨ ਖਹਿਬੜੇ

## ਗਾਰਬੇਜ਼ ਮਸ਼ੀਨ ਦੀ ਰਿਪੇਅਰ ਲਈ 30 ਹਜ਼ਾਰ ਦੇ ਖ਼ਰਚੇ ਸਮੇਤ ਕੌਂਸਲ ਦੀਆਂ ਜਾਇਦਾਦਾਂ ਦੀ ਕਬਜ਼ੇ ਆਧਾਰਿਤ ਰਜਿਸਟਰੀ ਕਰਾਉਣ ਦੇ ਮਤੇ ਰੱਦ

ਰੂਪਨਗਰ, 3 ਜਨਵਰੀ (ਸਤਨਾਮ ਸਿੰਘ ਸੱਤੀ)-ਨਗਰ ਕੌਂਸਲ ਰੂਪਨਗਰ ਦੀ ਸਧਾਰਨ ਮੀਟਿੰਗ ਪ੍ਰਧਾਨ ਸੰਜੇ ਵਰਮਾ ਬੇਲੇ ਵਾਲੇ ਦੀ ਪ੍ਰਧਾਨਗੀ ਹੇਠ ਮੀਟਿੰਗ ਹਾਲ 'ਚ ਹੋਈ। ਮੀਟਿੰਗ 'ਚ ਅੱਜ ਕੁੱਝ ਕੌਂਸਲਰਾਂ ਵਲੋਂ ਠੇਕੇਦਾਰ 'ਤੇ ਕੰਮ ਲਟਕਾਉਣ ਤੇ ਕੰਮ 'ਚ ਕੁਤਾਹੀ ਦੇ ਦੋਸ਼ ਲਾਏ ਅਤੇ ਠੇਕੇਦਾਰ ਨੂੰ ਨੋਟਿਸ ਜਾਰੀ ਕਰਨ, ਇਥੋਂ ਤੱਕ ਕਿ ਠੇਕੇਦਾਰ ਦੀ ਪੇਮੈਂਟ ਰੋਕਣ ਦੀ ਮੰਗ ਕੀਤੀ ਗਈ ਪਰ ਜਦੋਂ ਇਸ ਦੀ ਸਫ਼ਾਈ ਦੇਣ ਲਈ ਕਾਰਜ ਸਾਧਕ ਅਫ਼ਸਰ ਭਜਨ ਚੰਦ ਨੇ ਸੰਬੰਧਿਤ ਠੇਕੇਦਾਰ ਨੂੰ ਨੋਟਿਸ ਜਾਰੀ ਕਰਨ ਬਾਰੇ ਜਾਣਕਾਰੀ ਦੇਣੀ ਚਾਹੀ ਤਾਂ ਨੇੜੇ ਬੈਠੇ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਰਜੇਸ਼ ਕੁਮਾਰ ਨੇ ਤੈਸ਼ 'ਚ ਆ ਕੇ ਇਹ ਆਖ ਦਿੱਤਾ ਕਿ ਕੰਮ ਨਾ ਕਰਨ ਵਾਲੇ ਠੇਕੇਦਾਰ ਨਾਲ ਅਫ਼ਸਰਾਂ ਦੀ ਨਰਮੀ ਗ਼ਲਤ ਸੰਕੇਤ ਕਰਦੀ ਹੈ, ਉਨ੍ਹਾਂ ਜਦੋਂ ਇਹ ਦੋਸ਼ ਲਾ ਦਿੱਤਾ ਕਿ ਤੁਹਾਡੀ ਕੋਈ ਡੀਲ ਹੋਈ ਹੋਣੀ ਹੈ ਤਾਂ ਕਾਰਜ ਸਾਧਕ ਅਫ਼ਸਰ ਤੇ ਰਜੇਸ਼ ਕੁਮਾਰ ਆਪਸ 'ਚ ਭਿੜ ਪਏ। ਕਾਫ਼ੀ ਦੇਰ ਹੰਗਾਮਾ ਹੁੰਦਾ ਰਿਹਾ ਤੇ ਕਾਰਜ ਸਾਧਕ ਅਫ਼ਸਰ ਤੇ ਹੋਰ ਕਰਮਚਾਰੀ ਮੀਟਿੰਗ 'ਚੋਂ ਬਾਹਰ ਆ ਗਏ। ਆਜ਼ਾਦ ਕੌਂਸਲਰ ਰਾਜੂ ਸਤਿਆਲ ਨੇ ਅਫ਼ਸਰਾਂ ਦੇ ਹੱਕ 'ਚ

• ਬਾਕੀ ਸਫ਼ਾ 8 'ਤੇ



ਆਪਸ 'ਚ ਬਹਿਸ ਰਹੇ ਕਾਰਜ ਸਾਧਕ ਅਫ਼ਸਰ ਭਜਨ ਚੰਦ ਤੇ ਸੀਨੀਅਰ ਮੀਤ ਪ੍ਰਧਾਨ ਰਜੇਸ਼ ਕੁਮਾਰ ਵਿਚਕਾਰ ਬੈਠੇ ਪ੍ਰਧਾਨ ਸੰਜੇ ਵਰਮਾ। (ਸੱਜੇ) ਰਜੇਸ਼ ਕੁਮਾਰ 'ਤੇ ਦੋਸ਼ ਲਾ ਰਹੇ ਕੌਂਸਲਰ ਰਾਜੂ ਸਤਿਆਲ।

# ਨਸ਼ੀਲੇ ਪਾਊਡਰ ਸਮੇਤ ਮੋਟਰਸਾਈਕਲ ਸਵਾਰ ਕਾਬੂ

ਨੂਰਪੁਰ ਬੇਦੀ, 3 ਜਨਵਰੀ (ਰਾਜੇਸ਼ ਚੌਧਰੀ)-ਸਥਾਨਕ ਪੁਲਸ ਨੇ ਇਕ ਮੋਟਰਸਾਈਕਲ ਸਵਾਰ ਵਿਅਕਤੀ ਨੂੰ ਚਿੱਟੇ ਨਸ਼ੀਲੇ ਪਾਊਡਰ ਸਹਿਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵਲੋਂ ਦਰਜ ਕੀਤੇ ਮਾਮਲੇ ਅਨੁਸਾਰ ਜਦੋਂ ਏ. ਐੱਸ. ਆਈ. ਰਾਮ ਕੁਮਾਰ ਸਮੇਤ ਪੁਲੀਸ ਪਾਰਟੀ ਟੀ-ਪੁਆਇੰਟ ਨੂਰਪੁਰ ਬੇਦੀ ਵਿਖੇ ਗਸ਼ਤ ਦੌਰਾਨ ਮੌਜੂਦ ਸਨ ਤਾਂ ਮੁਖ਼ਬਰ ਨੇ ਇਤਲਾਹ ਭੱਦੀ ਤੋਂ ਨੂਰਪੁਰ ਬੇਦੀ ਦੀ ਤਰਫ਼ ਮੋਟਰਸਾਈਕਲ 'ਤੇ ਆ ਰਹੇ ਇਕ ਵਿਅਕਤੀ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲੈਣ 'ਤੇ ਉਸ ਕੋਲੋਂ 20 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ, ਜਿਸ ਦੀ ਪਛਾਣ ਰਮਨ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਨਿਵਾਸੀ ਲਾਲਪੁਰ ਵਜੋਂ ਹੋਈ ਹੈ। ਸਬ-ਇੰਸਪੈਕਟਰ ਰਾਕੇਸ਼ਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਕੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।



ਨਸ਼ੀਲੇ ਪਾਊਡਰ ਸ਼ਹਿਰ ਸਮੇਤ ਗ੍ਰਿਫ਼ਤਾਰ ਵਿਅਕਤੀ। ਤਸਵੀਰ : ਰਾਜੇਸ਼ ਚੌਧਰੀ

# ਪਿੰਡ ਨਥਮਲਪੁਰ 'ਚ ਹੋਈ ਸੜਕ ਦੀ ਉਸਾਰੀ ਆਈ ਸਵਾਲਾਂ ਦੇ ਘੇਰੇ 'ਚ

## ਮਾਮਲਾ ਸਾਈਡਾਂ 'ਤੇ ਐਜਿੰਗ ਨਾ ਲਗਾਉਣ ਦਾ

ਮੋਰਿੰਡਾ, 3 ਜਨਵਰੀ (ਤਰਲੋਚਨ ਸਿੰਘ ਕੰਗ)-ਪਿੰਡ ਸਹੇੜੀ ਤੋਂ ਨਥਮਲਪੁਰ ਜਾਣ ਵਾਲੀ ਸੜਕ ਦੀ ਉਸਾਰੀ ਕੁਝ ਦਿਨ ਪਹਿਲਾਂ ਹੀ ਹੋਈ ਸੀ, ਜੋ ਕਿ ਸਾਈਡਾਂ 'ਤੇ ਸੁਪੋਰਟਾਂ ਨਾ ਲਗਾਉਣ ਕਾਰਨ ਨਾਲ ਦੀ ਨਾਲ ਟੁੱਟਣੀ ਸ਼ੁਰੂ ਹੋ ਗਈ। ਇਸ ਸੰਬੰਧੀ ਬਲਜੀਤ ਸਿੰਘ, ਗਗਨਦੀਪ ਸਿੰਘ, ਲਖਵੀਰ ਸਿੰਘ, ਅਵਤਾਰ ਸਿੰਘ, ਸੁਖਵੀਰ ਸਿੰਘ, ਗੁਰਸੇਵਕ ਸਿੰਘ, ਬੰਤ ਸਿੰਘ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਗਤਾਰ ਸਿੰਘ, ਬਲਜਿੰਦਰ ਸਿੰਘ ਆਦਿ ਨਥਮਲਪੁਰ ਵਾਸੀਆਂ ਨੇ ਦੱਸਿਆ ਕਿ ਸੜਕ 'ਤੇ ਪਾਇਆ ਮਟੀਰੀਅਲ ਪਹਿਲਾਂ ਬਣੀ ਸੜਕ 'ਤੇ ਨਹੀਂ ਪਾਇਆ ਗਿਆ ਸੀ। ਪਹਿਲੀ ਬਣੀ ਸੜਕ ਨੂੰ ਪੁੱਟ ਲਿਆ ਗਿਆ ਤੇ ਉਸੇ ਮਾਲ ਨੂੰ ਰੋਲ ਕਰਕੇ 'ਤੇ ਪ੍ਰੀਮਿਕਸ ਪਾ ਦਿੱਤੀ ਗਈ, ਉਹ ਵੀ ਘਟੀਆ ਕਿਸਮ ਦੀ ਦੱਸੀ ਜਾਂਦੀ ਹੈ। ਬਲਜੀਤ ਸਿੰਘ ਦਾ ਕਹਿਣਾ ਹੈ ਕਿ ਜਿਥੇ ਸੜਕ ਪਹਿਲਾਂ ਬਣੀ ਹੋਈ ਸੀ, ਉਸ ਥਾਂ 'ਤੇ ਉਸ ਨੂੰ ਨਹੀਂ ਬਣਾਇਆ ਗਿਆ ਜਦ ਕਿ ਇਕ ਪਾਸੇ ਤੋਂ ਸੜਕ ਨੂੰ ਇਕ ਫੁੱਟ ਘਟਾ ਦਿੱਤਾ ਗਿਆ ਤੇ ਇਕ ਪਾਸੇ ਤੋਂ ਇਕ ਫੁੱਟ ਵਧਾ ਦਿੱਤਾ ਗਿਆ। ਨਾ ਹੀ ਇਸ ਸੜਕ ਨੂੰ ਟੁੱਟਣ ਤੋਂ ਬਚਾਉਣ ਲਈ ਕੰਢਿਆਂ 'ਤੇ ਇੱਟ ਦੀ ਸੁਪੋਰਟ ਦਿੱਤੀ ਗਈ ਹੈ। ਬਲਜੀਤ ਸਿੰਘ ਨੇ ਦੋਸ਼ ਲਗਾਇਆ ਕਿ ਇਸ ਸੜਕ 'ਤੇ ਡਬਲ ਲੇਅਰ ਪਾਉਣੀ ਸੀ, ਜਦ ਕਿ ਇਕ ਲੇਅਰ ਤੋਂ ਘੱਟ ਪਾ ਕੇ ਸਾਰ ਦਿੱਤਾ ਗਿਆ। ਉਪਰੋਕਤ ਵਿਅਕਤੀਆਂ ਦਾ ਕਹਿਣਾ ਹੈ ਕਿ ਜਦੋਂ ਵੀ ਕੋਈ ਵਾਹਨ ਇਸ ਸੜਕ ਤੋਂ ਲੰਘਦਾ ਹੈ ਤਾਂ ਸੜਕ ਦੇ ਕੰਢੇ ਟੁੱਟ ਜਾਂਦੇ ਹਨ, ਕਈ ਵਾਰੀ ਤਾਂ ਸਕੂਟਰ-ਮੋਟਰਸਾਈਕਲ ਵਾਲੇ ਤਾਂ ਹਾਦਸਾਗ੍ਰਸਤ ਹੀ ਹੋ ਜਾਂਦੇ ਹਨ। ਇਸ ਸੰਬੰਧ 'ਚ ਜਦੋਂ ਕੰਮ ਕਰਾਉਣ ਵਾਲੇ ਜੇ. ਈ. ਕਮਲਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪਿੰਡ ਦੇ ਸਰਪੰਚ ਮੋਹਨ ਸਿੰਘ ਵਲੋਂ ਐਜਿੰਗ ਲਗਾਉਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਸੜਕ ਦੀ ਉਚਾਈ ਘੱਟ ਕਰਨ ਦੀ ਵੀ ਗੱਲ ਸਰਪੰਚ ਵਲੋਂ ਕਹੀ ਗਈ ਸੀ। ਉਨ੍ਹਾਂ ਦੱਸਿਆ ਕਿ ਟੈਂਡਰ 'ਚ ਐਜਿੰਗ ਲਗਾਉਣੀ ਬਣਦੀ ਸੀ, ਪਰ ਸਰਪੰਚ ਦੇ ਕਹਿਣ 'ਤੇ ਹੀ ਐਜਿੰਗ ਨਹੀਂ ਲਗਾਈ ਗਈ। ਜੇਕਰ ਸੜਕ ਦੀ ਕੋਈ ਪੈਮਾਇਸ਼ ਜਾਂ ਐਜਿੰਗ ਦਾ ਮਸਲਾ ਲੋਕ ਉਠਾ ਰਹੇ ਹਨ ਤਾਂ ਉਨ੍ਹਾਂ ਦਾ ਬਹੁਤ ਛੇਤੀ ਹੱਲ ਕਰ ਦਿੱਤਾ ਜਾਵੇਗਾ।



ਕੁੱਝ ਦਿਨ ਪਹਿਲਾਂ ਬਣਾਈ ਗਈ ਪਿੰਡ ਸਹੇੜੀ ਤੋਂ ਨਥਮਲਪੁਰ ਜਾਣ ਵਾਲੀ ਟੁੱਟੀ ਸੜਕ ਅਤੇ ਸੜਕ ਦੇ ਕੰਢਿਆਂ 'ਤੇ ਸੁਪੋਰਟ ਨਾ ਲਗਾਉਣ ਕਾਰਨ ਟੁੱਟ ਰਹੀ ਸੜਕ ਦੀ ਤਸਵੀਰ।



ਬੜਾ ਪਿੰਡ 'ਚ ਖੜ੍ਹੀ ਹੋਈ ਲਾਵਾਰਸ ਕਾਰ। ਅਜੀਤ ਤਸਵੀਰ

# ਬੜਾ ਪਿੰਡ 'ਚ ਲਾਵਾਰਸ ਆਲਟੋ ਕਾਰ ਬਰਾਮਦ

ਭਰਤਗੜ੍ਹ, 3 ਦਸੰਬਰ (ਜਸਬੀਰ ਸਿੰਘ ਬਾਵਾ)-ਸਥਾਨਕ ਪੁਲਿਸ ਨੇ ਅੱਜ ਸਵੇਰੇ 9 ਵਜੇ ਬੜਾ ਪਿੰਡ 'ਚ ਭਾਖੜਾ ਨਹਿਰ ਦੇ ਪੁਲ ਕੋਲੋਂ ਲਾਵਾਰਸ ਆਲਟੋ ਕਾਰ ਬਰਾਮਦ ਕੀਤੀ ਹੈ। ਇੰਚਾਰਜ ਇੰਦਰਜੀਤ ਸਿੰਘ ਧਨੋਆ ਤੇ ਏ. ਐਸ. ਆਈ. ਸੁਰਜੀਤ ਸਿੰਘ ਮੱਲੀ ਨੇ ਦੱਸਿਆ ਕਿ ਬੜਾ ਪਿੰਡ 'ਚ ਭਾਖੜਾ ਨਹਿਰ ਦੇ ਪੁਲ ਨੇੜੇ ਚਾਹ ਦੀ ਦੁਕਾਨ ਦੇ ਮਾਲਕ ਸ਼ਾਮ ਲਾਲ ਪੁਰੀ ਨੇ ਅੱਜ ਇਹ ਕਾਰ ਦੇਖ ਕੇ ਪੁਲਿਸ ਚੌਕੀ ਇਤਲਾਹ ਦਿੱਤੀ ਕਿ ਉਕਤ ਪੁਲ ਕੋਲ ਐਚ. ਪੀ. 84/ 5358 ਨੰਬਰੀ ਆਲਟੋ ਕਾਰ ਖੜ੍ਹੀ ਹੈ, ਜੋ ਲਾਵਾਰਸ ਲੱਗ ਰਹੀ ਹੈ। ਇਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਅਗਵਾਈ 'ਚ ਪੁਲਿਸ ਪਾਰਟੀ ਨੇ ਜਾ ਕੇ ਦੇਖਿਆ ਤਾਂ ਬਿਨਾਂ ਲਾਕ ਤੋਂ ਕਾਰ ਖੜ੍ਹੀ ਸੀ, ਜਿਸ ਦੀ ਜਾਂਚ-ਪੜਤਾਲ ਕਰਦਿਆਂ ਸ਼ਨਾਖ਼ਤੀ ਕਾਰਡ, ਵਾਰਿਸਾਂ ਦੇ ਨੰਬਰ ਮਿਲੇ, ਪਰ ਸੰਬੰਧਿਤ ਚਾਲਕ ਨਹੀਂ ਮਿਲਿਆ। ਇਨ੍ਹਾਂ ਦੱਸਿਆ ਕਿ ਵਾਰਸਾਂ ਦੇ ਨੰਬਰਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਕਤ ਕਾਰ ਨੂੰ ਅਭਿਸ਼ੇਕ ਕੌਸ਼ਲ ਪੁੱਤਰ ਪੁਸ਼ਪਿੰਦਰ ਕੁਮਾਰ ਰਾਤੀਂ 11 ਵਜੇ ਬੱਦੀ (ਹਿ. ਪ੍ਰ.) ਤੋਂ ਲਿਆਇਆ ਸੀ। ਇਨ੍ਹਾਂ ਦੱਸਿਆ ਕਿ ਲਾਵਾਰਸ ਕਾਰ ਭਰਤਗੜ੍ਹ ਪੁਲਿਸ ਨੇ ਕਬਜ਼ੇ 'ਚ ਲੈ ਲਈ ਹੈ, ਜਦ ਕਿ ਅਭਿਸ਼ੇਕ ਦੇ ਵਾਰਸਾਂ ਨੇ ਬੱਦੀ ਥਾਣੇ 'ਚ ਰਿਪੋਰਟ ਦਰਜ਼ ਕਰਵਾਈ ਹੈ।

# 15 ਤੋਂ 18 ਸਾਲ ਉਮਰ ਵਰਗ ਦੇ ਬੱਚਿਆਂ ਲਈ ਟੀਕਾਕਰਨ ਸ਼ੁਰੂ

## ਪਹਿਲੇ ਦਿਨ 65 ਬੱਚਿਆਂ ਨੇ ਲਗਵਾਏ ਟੀਕੇ

ਰੂਪਨਗਰ, 3 ਜਨਵਰੀ (ਸਤਨਾਮ ਸਿੰਘ ਸੱਤੀ)-ਕੋਰੋਨਾ ਮਹਾਂਮਾਰੀ ਦੀ ਤੀਜੀ ਲਹਿਰ ਦੇ ਡੂੰਘੇ ਖ਼ਤਰਿਆਂ ਵਿਚਾਲੇ 15-18 ਸਾਲ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ ਹੋ ਗਿਆ ਹੈ। ਇਸ ਉਮਰ ਵਰਗ ਲਈ ਸਿਰਫ਼ ਭਾਰਤ ਬਾਇਓਟੈਕ ਦੀ ਕੋਵੈਕਸੀਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਕੰਪਨੀ ਨੇ ਦਾਅਵਾ ਕੀਤਾ ਹੈ ਕਿ ਬੱਚਿਆਂ ਦੀ ਇਹ ਵੈਕਸੀਨ ਬਾਲਗਾਂ ਦੇ ਮੁਕਾਬਲੇ ਜ਼ਿਆਦਾ ਅਸਰਦਾਰ ਹੋਵੇਗੀ। ਬੱਚਿਆਂ ਦੇ ਟੀਕਾਕਰਨ ਲਈ ਕੋਵਿਨ ਪੋਰਟਲ 'ਤੇ ਸਨਿਚਰਵਾਰ ਤੋਂ ਹੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਸੀ। ਪੋਰਟਲ 'ਤੇ ਜਾ ਕੇ ਰਜਿਸਟ੍ਰੇਸ਼ਨ ਕਰਵਾਓ ਤਾਂ ਕਿ ਉਨ੍ਹਾਂ ਨੂੰ ਤੁਰੰਤ ਟੀਕਾਕਰਨ ਕੀਤਾ ਜਾਵੇਗਾ। ਜਿਸ ਦੀ ਰਜਿਸਟਰੇਸ਼ਨ ਲਈ ਕੋਵਿਨ ਐਪ ਤੇ ਸਕੂਲ ਦੇ ਪਛਾਣ ਪੱਤਰ ਰਾਹੀਂ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਸਿਵਲ ਸਰਜਨ ਰੂਪਨਗਰ ਡਾ. ਪਰਮਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਵਿਖੇ 15-18 ਸਾਲ ਤੱਕ ਦੇ ਬੱਚਿਆਂ ਦੀ ਕੁਲ ਗਿਣਤੀ 33,000 ਦੇ ਕਰੀਬ ਹੈ। ਅੱਜ 15-18 ਸਾਲ ਤੱਕ ਦੇ ਬੱਚਿਆਂ ਦੀ ਵੈਕਸੀਨ ਦੀ ਸ਼ੁਰੂਆਤ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਰੂਪਨਗਰ ਵਿਖੇ ਕੀਤੀ ਗਈ ਹੈ। ਇਸ ਮੁਹਿੰਮ ਨੂੰ ਸੁਚਾਰੂ ਤਰੀਕੇ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਾਰੇ ਸਟਾਫ਼ ਮੈਂਬਰਾਂ ਨੂੰ ਤੇ ਸਕੂਲ ਦੇ ਪ੍ਰਿੰਸੀਪਲ ਸੰਦੀਪ ਕੌਰ ਤੇ ਅਸਿਸਟੈਂਟ ਪ੍ਰਿੰਸੀਪਲ ਹਰਪ੍ਰੀਤ ਕੌਰ ਤੇ ਸਟਾਫ਼ ਨੂੰ ਪੇਰੈਂਟਸ ਦੀ ਸਹਿਮਤੀ ਨਾਲ ਟੀਕਾਕਰਨ ਯਕੀਨੀ ਬਣਾਇਆ ਜਾਵੇ। ਲਾਭਪਾਤਰੀਆਂ ਨੂੰ ਟੀਕਾਕਰਨ ਕੇਂਦਰਾਂ ਤੇ ਸਹੀ-ਸਹੀ ਜਾਣਕਾਰੀ ਮੁਹੱਈਆ ਕਰਵਾਉਣ ਦੀ ਸਲਾਹ ਦਿੱਤੀ ਗਈ। ਕੋਵਿਨ ਪੋਰਟਲ 'ਤੇ ਰਜਿਸਟ੍ਰੇਸ਼ਨ ਲਈ ਬੱਚੇ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਪਹਿਲਾਂ ਤੋਂ ਮੌਜੂਦ ਆਈ. ਡੀ. ਲੋਗਇਨ ਕਰ ਸਕਦੇ ਹੋ ਜਾਂ ਫਿਰ ਮੋਬਾਈਲ ਰਾਹੀਂ ਓ. ਟੀ. ਪੀ. ਲੋਗਇਨ ਕਰ ਸਕਦੇ ਹੋ। ਉਨ੍ਹਾਂ ਕਿਹਾ ਕਿ ਟੀਕਾਕਰਨ ਦੇ ਨਾਲ-ਨਾਲ ਪ੍ਰਸ਼ਾਸਨ ਤੇ ਸਿਹਤ ਵਿਭਾਗ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦਾ ਪਾਲਣ ਵੀ ਕੀਤਾ ਜਾਵੇ। ਘਰ ਤੋਂ ਬਾਹਰ ਨਿਕਲਣ ਸਮੇਂ ਨੱਕ 'ਤੇ ਮੂੰਹ ਨੂੰ ਢੱਕਦਾ ਮਾਸਕ ਪਹਿਨਿਆ ਜਾਵੇ, ਵਾਰ-ਵਾਰ ਹੱਥ ਸਾਬਣ ਤੇ ਪਾਣੀ ਨਾਲ ਧੋਤੇ ਜਾਣ, ਸਮਾਜਿਕ ਦੂਰੀ ਦਾ ਧਿਆਨ ਰੱਖਿਆ ਜਾਵੇ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਕੁਲਦੀਪ ਸਿੰਘ ਦੁਆਰਾ ਜਾਣਕਾਰੀ ਦਿੱਤੀ ਗਈ ਕਿ ਅੱਜ ਜ਼ਿਲ੍ਹਾ ਰੂਪਨਗਰ 'ਚ 65 ਦੇ ਲਗਪਗ ਬੱਚਿਆਂ ਨੂੰ ਵੈਕਸੀਨ ਦੀ ਪਹਿਲੀ ਡੋਜ਼ ਲਗਾਈ ਗਈ। ਉਨ੍ਹਾਂ ਦੁਆਰਾ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਰੂਪਨਗਰ ਵਿਖੇ ਬੱਚਿਆਂ ਨੂੰ ਇਸ ਵੈਕਸੀਨ ਦੇ ਲਾਭ ਦੱਸਦਿਆਂ ਵੱਧ ਤੋਂ ਵੱਧ ਵੈਕਸੀਨ ਕਰਵਾਉਣ ਲਈ ਤੇ ਕੋਵਿਡ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਹਰਚਰਨ ਸਿੰਘ ਬਰਾੜ ਤੇ ਹਰਜਿੰਦਰ ਸਿੰਘ ਪੀ. ਏ. ਤੇ ਕੋਵਿਨ ਪੋਰਟਲ ਮੈਨੇਜਰ ਮਨਪ੍ਰੀਤ ਸਿੰਘ ਤੇ ਵੈਕਸੀਨ ਟੀਮ ਦੇ ਮੈਂਬਰ ਹਾਜ਼ਰ ਸਨ।



15 ਤੋਂ 18 ਸਾਲ ਉਮਰ ਵਰਗ ਦੇ ਬੱਚਿਆਂ ਲਈ ਕੋਵਿਡ ਟੀਕਾਕਰਨ ਸ਼ੁਰੂ ਕਰਨ ਮੌਕੇ ਸਿਹਤ ਵਿਭਾਗ ਦੀ ਟੀਮ ਅਤੇ ਵਿਦਿਆਰਥਣਾਂ।



ਕਾਂਗਰਸ ਵਿਚ ਸ਼ਾਮਿਲ ਹੋਏ ਆਗੂ ਸਪੀਕਰ ਰਾਣਾ ਕੇ. ਪੀ. ਸਿੰਘ ਨਾਲ।

# ਕਾਂਗਰਸ 'ਚ ਸ਼ਾਮਿਲ ਹੋਏ ਅੱਧੀ ਦਰਜਨ ਆਗੂ

ਸ੍ਰੀ ਅਨੰਦਪੁਰ ਸਾਹਿਬ, 3 ਜਨਵਰੀ (ਜੇ. ਐਸ. ਨਿੱਕੂਵਾਲ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਦੀ ਚੰਗਰ ਦੇ ਪਿੰਡ ਮਹਿੰਦਲੀ ਖ਼ੁਰਦ ਫੇਰੀ ਦੌਰਾਨ ਵੱਖ-ਵੱਖ ਪਾਰਟੀਆਂ ਨਾਲ ਸੰਬੰਧਿਤ ਅੱਧੀ ਦਰਜਨ ਦੇ ਕਰੀਬ ਆਗੂ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਬੰਸ ਲਾਲ ਮਹਿੰਦਲੀ ਦੇ ਯਤਨਾਂ ਨਾਲ ਕਾਂਗਰਸ 'ਚ ਸ਼ਾਮਿਲ ਹੋਏ। ਸਪੀਕਰ ਰਾਣਾ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਵਰਕਰਾਂ ਦਾ ਸਨਮਾਨ ਕੀਤਾ ਹੈ ਤੇ ਇਨ੍ਹਾਂ ਨੂੰ ਪਾਰਟੀ ਵਲੋਂ ਬਣਦਾ ਮਾਣਸਨਮਾਨ ਦਿੱਤਾ ਜਾਵੇਗਾ। ਸ਼ਾਮਿਲ ਹੋਏ ਆਗੂਆਂ 'ਚ ਬਾਬਾ ਪਿਆਰਾ, ਗੁਰਮੁਖ ਸਿੰਘ, ਦਵਿੰਦਰ ਸਿੰਘ ਰਾਣਾ, ਪਰਮਿੰਦਰ ਸਿੰਘ, ਕਰਮਜੀਤ ਸਿੰਘ, ਮੋਹਨ ਸਿੰਘ, ਮਲਕੀਤ ਸਿੰਘ, ਸੁੱਚਾ ਸਿੰਘ, ਬਲਵਿੰਦਰ ਸਿੰਘ ਨੇ ਕਿਹਾ ਕਿ ਉਹ ਸਪੀਕਰ ਰਾਣਾ ਦੀ ਜਿੱਤ ਲਈ ਦਿਨ ਰਾਤ ਇਕ ਕਰ ਦੇਣਗੇ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੈਰਅਰਮੈਨ ਰਮੇਸ਼ ਚੰਦਰ ਦਸਗਰਾਈਂ, ਪੈਪਸੂ ਰੋਡਵੇਜ਼ ਦੇ ਡਾਇਰੈਕਟਰ ਕਮਲਦੇਵ ਜੋਸ਼ੀ, ਗੁਰਦੀਪ ਸਿੰਘ ਰਾਏਪੁਰ, ਸਰਪੰਚ ਵਿਨੋਦ ਸ਼ਰਮਾ, ਬਲਵੀਰ ਸਿੰਘ ਭੀਰੀ, ਕੁਲਦੀਪ ਸਿੰਘ ਬੰਗਾ ਆਦਿ ਹਾਜ਼ਰ ਸਨ।



ਅਨਾਜ ਮੰਡੀ ਮੋਰਿੰਡਾ ਵਿਚ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਨਿਰੀਖਣ ਕਰਦੇ ਹੋਏ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ।

# ਮੁੱਖ ਮੰਤਰੀ ਚੰਨੀ ਅੱਜ ਮੋਰਿੰਡਾ ਵਿਚ

ਮੋਰਿੰਡਾ, 3 ਜਨਵਰੀ (ਕੰਗ)-ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਤੇ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ 4 ਜਨਵਰੀ ਨੂੰ ਸਵੇਰੇ 10 ਵਜੇ ਅਨਾਜ ਮੰਡੀ ਮੋਰਿੰਡਾ 'ਚ ਆਉਣਗੇ। ਇਸ ਸੰਬੰਧੀ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਕਰਨ ਮਹਿਤਾ ਨੇ ਦੱਸਿਆ ਕਿ ਇਹ ਸਮਾਗਮ ਰਾਜ ਪੱਧਰੀ ਸਮਾਗਮ ਹੋਵੇਗਾ, ਜਿਸ 'ਚ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਆਂਗਣਵਾੜੀ ਵਰਕਰ, ਹੈਲਪਰ ਤੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਪੰਚ-ਸਰਪੰਚ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਨਗਰ ਕੌਂਸਲਰ ਰਾਜ ਪੱਧਰੀ ਪ੍ਰੋਗਰਾਮ ਦਾ ਹਿੱਸਾ ਬਣਨਗੇ ਅਤੇ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦੇਣਗੇ। ਇਸੇ ਸੰਬੰਧ 'ਚ ਡਿਪਟੀ ਕਮਿਸ਼ਨਰ ਰੂਪਨਗਰ ਸੋਨਾਲੀ ਗਿਰੀ, ਐੱਸ. ਐੱਸ. ਪੀ. ਰੂਪਨਗਰ ਵਿਕਾਸਸ਼ੀਲ ਸੋਨੀ ਤੇ ਹੋਰ ਉੱਚ ਅਧਿਕਾਰੀਆਂ ਨੇ ਅਨਾਜ ਮੰਡੀ ਮੋਰਿੰਡਾ 'ਚ ਹੋਣ ਵਾਲੇ ਇਸ ਰਾਜ ਪੱਧਰੀ ਪ੍ਰੋਗਰਾਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ।